ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (U.S. Department of Justice Community Relations Service)

# ਸਥਾਨਕ ਭਾਈਚਾਰਿਆਂ ਨੂੰ ਸਸ਼ਕਤ ਬਣਾਉਣਾ

## ਵਿਵਾਦਾਂ ਨੂੰ ਆਪਸੀ ਸਹਿਯੋਗ ਨਾਲ ਪਛਾਣਨਾ ਅਤੇ ਉਹਨਾਂ ਦਾ ਹੱਲ ਕਰਨਾ

ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (U.S. Department of Justice Community Relations Service) ਆਪਣੇ ਸਮੱਸਿਆਵਾਂ ਨੂੰ ਇਕੱਠੇ ਮਿਲ ਕੇ ਹੱਲ ਕਰਨ ਲਈ ਚਲਾਏ ਸ਼ਹਿਰ ਸਾਈਟ ਸਮੱਸਿਆ ਪਛਾਣ ਅਤੇ ਸਮਾਧਾਨ City-SPIRIT ਪ੍ਰੋਗਰਾਮ ਦੁਆਰਾ ਵਿਵਾਦਾਂ ਦਾ ਹੱਲ ਕਰਨ ਲਈ ਸਥਾਨਕ ਭਾਈਚਾਰਿਆਂ ਦੀ ਮਦਦ ਕਰਦਾ ਹੈ। ਇਹ ਪ੍ਰੋਗਰਾਮ ਭਾਈਚਾਰਿਆਂ ਨੂੰ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੀਆਂ ਸਮੱਸਿਆਵਾਂ ਨਾਲ ਸੰਬੰਧਿਤ ਤਣਾਅ ਜਾਂ ਵਿਵਾਦਾਂ ਨੂੰ ਹੱਲ ਕਰਨ ਵਿੱਚ ਮਦਦ ਕਰਦਾ ਹੈ।

City-SPIRIT ਪੂਰੇ ਇੱਕ ਦਿਨ (ਜਾਂ ਦੋ ਅੱਧੇ ਦਿਨਾਂ) ਦਾ ਪ੍ਰੋਗਰਾਮ ਹੈ, ਜੋ ਸਥਾਨਕ ਸਰਕਾਰਾਂ, ਕਨੂੰਨੀ ਅਮਲੀਕਰਨ ਸੰਸਥਾਵਾਂ, ਧਰਮ ਭਾਈਚਾਰਿਆਂ, ਨਾਗਰਿਕ ਅਧਿਕਾਰ ਸਮੂਹਾਂ, ਭਾਈਚਾਰਾ-ਆਧਾਰਿਤ ਸੰਸਥਾਵਾਂ, ਨੌਜਵਾਨ ਸਮੂਹਾਂ, ਅਤੇ ਹੋਰਾਂ ਦੇ ਆਗੂਆਂ ਨੂੰ ਇੱਕ ਥਾਂ 'ਤੇ ਇਕੱਠੇ ਕਰਦਾ ਹੈ ਤਾਂ ਜੋ ਭਾਈਚਾਰਿਆਂ ਨੂੰ ਪ੍ਰਭਾਵਿਤ ਕਰ ਰਹੀਆਂ ਗੰਭੀਰ ਸਮੱਸਿਆਵਾਂ ਦੀ ਪਛਾਣ ਕੀਤੀ ਜਾ ਸਕੇ ਅਤੇ ਉਹਨਾਂ ਦਾ ਹੱਲ ਕੀਤਾ ਜਾ ਸਕੇ। ਇਹ ਪ੍ਰੋਗਰਾਮ ਸੀ.ਆਰ.ਐਸ. (CRS) ਅਤੇ ਸਥਾਨਕ ਵਲੰਟੀਅਰਾਂ ਦੇ ਸਹਿਯੋਗ ਨਾਲ ਚਲਾਇਆ ਜਾਂਦਾ ਹੈ ਅਤੇ ਭਾਈਚਾਰਿਆਂ ਦੀ ਸਥਾਨਕ ਸਮੱਸਿਆਵਾਂ ਦਾ ਨਿਵਾਰਨ ਕਰਨ ਲਈ ਠੋਸ ਹੱਲ ਵਿਕਸਿਤ ਕਰਨ ਅਤੇ ਉਹਨਾਂ ਨੂੰ ਲਾਗੂ ਕਰਨ ਵਿੱਚ ਮਦਦ ਕਰਦਾ ਹੈ।

ਭਾਈਚਾਰਿਆਂ ਨੂੰ City-SPIRIT [illegible]
ਲਾਗੂ ਕਰਨ ਬਾਰੇ ਕਿਉਂ ਵਿਚਾਰ [illegible]

### ਪ੍ਰੋਗਰਾਮ ਅਤੇ ਸੇਵਾਵਾਂ



**1. ਸਮੱਸਿਆ ਦੀ ਪਛਾਣ।** ਭਾਗੀਦਾਰ ਛੋਟੇ-ਛੋਟੇ ਸਮੂਹਾਂ ਵਿੱਚ ਕੰਮ ਕਰਦੇ ਹਨ ਤਾਂ ਜੋ ਭਾਈਚਾਰਿਆਂ ਨੂੰ ਪ੍ਰਭਾਵਿਤ ਕਰ ਰਹੀਆਂ ਸਮੱਸਿਆਵਾਂ ਦੀ ਪਛਾਣ ਕੀਤੀ ਜਾ ਸਕੇ, ਜਿਸ ਦੇ ਵਿੱਚ ਇਹ ਵੀ ਸ਼ਾਮਲ ਹੈ ਕਿ, ਕੀ ਕੰਮ ਕਰ ਰਿਹਾ ਹੈ ਅਤੇ ਕਿਸ ਚੀਜ਼ ਨੂੰ ਬਦਲਣ ਦੀ ਲੋੜ ਹੈ।

**2. ਸਮੱਸਿਆਵਾਂ ਦਾ ਤਰਜੀਹੀਕਰਨ।** ਛੋਟੇ ਸਮੂਹਾਂ ਵਿੱਚ ਪਛਾਣੀਆਂ ਗਈਆਂ ਸਮੱਸਿਆਵਾਂ ਵਿੱਚੋਂ, ਭਾਗੀਦਾਰ ਉਹਨਾਂ ਸਮੱਸਿਆਵਾਂ ਨੂੰ ਤਰਜੀਹ ਦਿੰਦੇ ਹਨ ਜਿਨ੍ਹਾਂ ਦਾ ਹੱਲ ਕੱਢਣਾ ਭਾਈਚਾਰੇ ਲਈ ਸਭ ਤੋ ਜ਼ਰੂਰੀ ਹੈ।

**3. ਹੱਲਾਂ ਦਾ ਵਿਕਾਸ।** ਭਾਗੀਦਾਰ ਪਛਾਣੀਆਂ ਗਈਆਂ ਤਰਜੀਹੀ ਸਮੱਸਿਆਵਾਂ ਦਾ ਹੱਲ ਸਿਰਜਦੇ ਹਨ। ਉਹ ਹਰ ਇੱਕ ਸੰਭਾਵੀ ਹੱਲ ਦੇ ਮੁਮਕਨ ਪ੍ਰਭਾਵ ਅਤੇ ਨਤੀਜਿਆਂ ਬਾਰੇ ਵਿਚਾਰ-ਵਟਾਂਦਰਾ ਕਰਦੇ ਹਨ।

**4. SPIRIT ਪ੍ਰੋਗਰਾਮ ਕੌਂਸਲ।** SPIRIT ਕੌਂਸਲ, ਜੋ ਕਿ City-SPIRIT ਪ੍ਰੋਗਰਾਮ ਦੌਰਾਨ ਬਣਾਈ ਜਾਂਦੀ ਹੈ, ਭਾਈਚਾਰਿਆਂ ਦੇ ਆਗੂਆਂ ਦਾ ਇੱਕ ਸਥਾਈ ਸਮੂਹ ਹੁੰਦਾ ਹੈ ਜਿਨ੍ਹਾਂ ਨੂੰ ਹੱਲ ਲਾਗੂ ਕਰਨ ਲਈ ਚੁਣਿਆ ਹੁੰਦਾ ਹੈ।

**5. SPIRIT ਦੀ ਰਿਪੋਰਟ ਤਿਆਰ ਕਰਨਾ ਅਤੇ ਪ੍ਰੋਗਰਾਮ ਕਰਵਾਉਣਾ।** ਸੀ.ਆਰ.ਐਸ. (CRS) ਵੱਲੋਂ ਰਿਪੋਰਟ ਤਿਆਰ ਕਰਨ ਲਈ ਪ੍ਰੋਗਰਾਮ ਦੌਰਾਨ ਇਕੱਤਰ ਕੀਤੀ ਫੀਡਬੈਕ ਅਤੇ ਜਾਣਕਾਰੀ ਨੂੰ ਸੰਚਿਤ ਕੀਤਾ ਜਾਂਦਾ ਹੈ। ਸੀ.ਆਰ.ਐਸ. (CRS) ਫਿਰ SPIRIT ਕੌਂਸਲ ਨੂੰ ਰਿਪੋਰਟ ਦੀ ਸਮੀਖਿਆ ਅਤੇ ਠੋਸ ਕਾਰਜ ਯੋਜਨਾ ਕਦਮ ਲਾਗੂ ਕਰਨ ਲਈ ਬੁਲਾਉਂਦਾ ਹੈ ਤਾਂ ਜੋ ਉਹਨਾਂ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕੇ ਜੋ ਪ੍ਰੋਗਰਾਮ ਦੌਰਾਨ ਵਿਚਾਰ-ਵਟਾਂਦਰਾ ਕੀਤੇ ਗਏ ਵਿਵਾਦਾਂ ਵਿੱਚ ਹਿੱਸਾ ਪਾ ਰਹੇ ਹਨ।

## ਸੀ.ਆਰ.ਐਸ. (CRS) ਬਾਰੇ

1964 ਦੇ ਨਾਗਰਿਕ ਅਧਿਕਾਰ ਅਧਿਨਿਯਮ (Civil Rights Act of 1964) ਦੇ ਸਿਰਲੇਖ X ਦੁਆਰਾ ਸਥਾਪਿਤ ਕੀਤੇ, ਸੀ.ਆਰ.ਐਸ. (CRS) ਦੀਆਂ ਸੇਵਾਵਾਂ ਦਾ ਵਿਸਤਾਰ 2009 ਦੇ ਮੈਥਿਊ ਸ਼ੈਫ਼ਰਡ ਅਤੇ ਜੇਮਸ ਬਅਰਡ ਜੂਨੀਅਰ, ਨਫ਼ਰਤ ਅਪਰਾਧ ਰੋਕਥਾਮ ਅਧਿਨਿਯਮ (Matthew Shepard and James Byrd, Jr., Hate Crimes Prevention Act of 2009) ਦੁਆਰਾ ਹੋਇਆ। ਸੀ.ਆਰ.ਐਸ. (CRS), ਸਯੁੰਕਤ ਰਾਜ ਦੇ ਨਿਆਂ ਵਿਭਾਗ ਦਾ ਇੱਕ ਹਿੱਸਾ, ਉਹਨਾਂ ਭਾਈਚਾਰਿਆਂ ਲਈ "ਅਮਰੀਕਾ ਦੇ ਸ਼ਾਂਤੀਦੂਤ" ਦਾ ਕੰਮ ਕਰਦਾ ਹੈ ਜੋ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਆਧਾਰ 'ਤੇ ਤਣਾਅ ਜਾਂ ਵਿਵਾਦ ਦਾ ਸਾਹਮਣਾ ਕਰ ਰਹੇ ਹਨ। ਸੀ.ਆਰ.ਐਸ. (CRS) ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੇ ਰਾਹੀਂ, ਏਜੰਸੀ ਇਹੋ ਜਿਹੇ ਭਾਈਚਾਰਿਆਂ ਦੇ ਮੈਂਬਰਾਂ ਦੀ ਵੱਧ ਰਹੇ ਗਿਆਨ, ਸਮਝ ਅਤੇ ਬਿਹਤਰ ਅੰਦਰੂਨੀ ਸੰਚਾਰ ਰਾਹੀਂ ਸੁਤੰਤਰ ਤੌਰ 'ਤੇ ਅਤੇ ਇੱਕ ਦੂਜੇ ਨਾਲ ਸਹਿਯੋਗ ਕਰਕੇ ਭਵਿੱਖ ਵਿੱਚ ਹੋਣ ਵਾਲੇ ਵਿਵਾਦਾਂ ਨੂੰ ਰੋਕਣ ਅਤੇ ਉਹਨਾਂ ਦਾ ਹੱਲ ਕਰਨ ਦੀ ਸਮਰੱਥਾ ਨੂੰ ਵਧਾਉਂਦੀ ਹੈ।

## ਸੀ.ਆਰ.ਐਸ. (CRS) ਦੀਆਂ ਸੇਵਾਵਾਂ ਅਤੇ ਪ੍ਰੋਗਰਾਮ

ਸੀ.ਆਰ.ਐਸ. (CRS) ਵੱਲੋਂ ਤਣਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਲਈ ਪ੍ਰੋਗਰਾਮਾਂ ਦੀ ਇੱਕ ਲੜੀ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਨੂੰ ਉਹ ਸਮਝ ਪੈਦਾ ਕਰਨ, ਸਹਿਕਾਰਤਾ ਨੂੰ ਸੁਧਾਰਨ, ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਮੱਤ-ਭੇਦਾਂ ਦੀ ਰੋਕਥਾਮ ਲਈ ਇੱਕ ਟੂਲ ਵਜੋਂ ਵਰਤ ਸਕਦੇ ਹਨ। ਸੀ.ਆਰ.ਐਸ. (CRS) ਦੇ ਕਰਮਚਾਰੀ ਪੇਸ਼ਾਵਰ ਵਿਚੋਲੇ, ਸਹਾਇਕ, ਸਿੱਖਿਅਕ, ਅਤੇ ਸਲਾਹਕਾਰ ਹਨ ਜੋ ਕਿ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਕਰਕੇ ਉਹਨਾਂ ਦੀ ਮੌਜੂਦਾ ਵਿਵਾਦਾਂ ਦਾ ਹੱਲ ਕਰਨ ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਵਿਵਾਦਾਂ ਦੀ ਰੋਕਥਾਮ ਕਰਨ ਦੀ ਸਮਰੱਥਾ ਨੂੰ ਹੋਰ ਵਧਾਉਣ ਵਿੱਚ ਅਨੁਭਵ ਰੱਖਦੇ ਹਨ।

### ਅਸੀਂ ਕਿੱਥੇ ਕੰਮ ਕਰਦੇ ਹਾਂ

**ਸੀ.ਆਰ.ਐਸ. (CRS) ਹੈੱਡਕੁਆਰਟਰ**
**ਵਾਸ਼ਿੰਗਟਨ, ਡੀ.ਸੀ.**

**ਸੀ.ਆਰ.ਐਸ. (CRS) ਦੇ ਖੇਤਰੀ ਦਫ਼ਤਰ**

**ਨਿਊ ਇੰਗਲੈਂਡ**
ਬਾਸਟਨ, ਮੈਸਾਚੂਸੇਟਸ

**ਮਿਡਵੈਸਟ**
ਸ਼ਿਕਾਗੋ, ਇੱਲੀਨਾਏ

**ਵੈਸਟਰਨ**
ਲਾਸ ਐਂਜਲਿਸ, ਕੈਲੀਫੋਰਨੀਆ

**ਨਾਰਥਈਸਟ**
ਨਿਊ ਯਾਰਕ, ਨਿਊ ਯਾਰਕ

**ਸਾਊਥਵੈਸਟ**
ਡੈਲਾਸ, ਟੈਕਸਸ

**ਨਾਰਥਵੈਸਟ**
ਸੀਐਟਲ, ਵਾਸ਼ਿੰਗਟਨ

**ਮਿਡ-ਅਟਲਾਂਟਿਕ**
ਫ਼ਿਲਾਡੈਲਫਿਆ, ਪੈਨਸਿਲਵੇਨਿਆ

**ਸੈਂਟਰਲ**
ਕੈਨਸਾਸ ਸਿਟੀ, ਮਿਜ਼ੂਰੀ

**ਸਾਊਥਈਸਟ**
ਅਟਲਾਂਟਾ, ਜਾਰਜੀਆ

**ਰੋਕੀ ਮਾਊਂਟੇਨ**
ਡੈਨਵਰ, ਕੋਲੋਰਾਡੋ

**ਸੀ.ਆਰ.ਐਸ. (CRS) ਦੇ ਫੀਲਡ ਦਫ਼ਤਰ**
ਮਿਆਮੀ, ਫਲੋਰੀਡਾ
ਡਿਟਰਾਇਟ, ਮਿੱਸ਼ੀਗਨ
ਹੂਸਟਨ, ਟੈਕਸਾਸ
ਸੈਨ ਫ੍ਰਾਂਸਿਸਕੋ, ਕੈਲੀਫੋਰਨੀਆ




**ਸਾਡੇ ਤੱਕ ਪਹੁੰਚੋ, ਅਤੇ ਸਾਡੇ ਨਾਲ ਜੁੜੋ**
**www.justice.gov/crs**

facebook.com/DOJCRS/ | @DOJ_CRS | askcrs@usdoj.gov | 202.305.2935

ਇਸ ਪ੍ਰੋਗਰਾਮ ਬਾਰੇ ਜਾਂ ਸੀ.ਆਰ.ਐਸ. (CRS) ਦੀਆਂ ਹੋਰ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਕ ਸੀ.ਆਰ.ਐਸ. (CRS) ਦਫ਼ਤਰ ਨਾਲ ਸੰਪਰਕ ਕਰੋ:
https://www.justice.gov/crs/about-crs/regional-and-field-offices